# ਕੀ 'ਲੂਣਾ' ਮਹਾਂਕਾਵਿ ਹੈ ?

—ਦੇਸ ਰਾਜ
(ਦੇਸ ਰਾਜ ਸੁਦੇੜਾ)
ਸਾਬਕਾ ਐਸੋਸੀਏਟ ਪ੍ਰੋਫ਼ੈਸਰ
ਐੱਸ. ਪੀ. ਐੱਨ. ਕਾਲਜ, ਮੁਕੇਰੀਆਂ (ਹੁਸ਼ਿਆਰਪੁਰ)

*ਸ਼ਿਵ ਕੁਮਾਰ ਦੀ ਰਚਨਾ **ਲੂਣਾ** ਲਈ ਵੱਖ-ਵੱਖ ਰੂਪਾਕਾਰਕ/ਵਿਧਾਗਤ ਨਾਂਵਾਂ ਦਾ ਪ੍ਰਚਲਨ ਰਿਹਾ ਹੈ। ਇਸ ਰਚਨਾ ਲਈ ਮਹਾਂਕਾਵਿ, ਖੰਡ-ਕਾਵਿ, ਨਾਟ-ਕਾਵਿ ਅਤੇ ਕਾਵਿ-ਨਾਟਕ ਆਦਿ ਵਿਧਾਗਤ ਨਾਂਵਾਂ ਦੀ ਵਰਤੋਂ ਹੋਈ ਹੈ। ਪੰਜਾਬੀ ਸਮੀਖਿਆ ਦੇ ਖੇਤਰ ਵਿੱਚ ਇੱਕ ਵਰਗ ਉਹਨਾਂ ਆਲੋਚਕਾਂ ਦਾ ਹੈ ਜਿਨ੍ਹਾਂ ਨੇ **ਲੂਣਾ** ਨੂੰ ਮਹਾਂਕਾਵਿ ਸਿੱਧ ਕਰਨ ਦਾ ਯਤਨ ਕੀਤਾ ਹੈ। ਇਹਨਾਂ ਵਿਦਵਾਨਾਂ ਵਿੱਚ ਡਾ. ਸਤਿੰਦਰ ਸਿੰਘ, ਡਾ. ਮਨਮੋਹਨ ਸਿੰਘ, ਪ੍ਰੋ. ਗੁਰਦਿਆਲ ਸਿੰਘ, ਡਾ. ਜੀਤ ਸਿੰਘ ਸੀਤਲ ਆਦਿ ਦੇ ਨਾਂ ਵਰਣਨਯੋਗ ਹਨ। ਪਰ **ਲੂਣਾ** ਨੂੰ ਮਹਾਂਕਾਵਿ ਕਿਹਾ ਜਾ ਸਕਦਾ ਹੈ ਜਾਂ ਨਹੀਂ— ਇਸ ਲਈ ਸਾਨੂੰ **ਲੂਣਾ** ਨੂੰ ਮਹਾਂਕਾਵਿ ਦੇ* ਕਾਵਿ-ਸ਼ਾਸਤਰੀ ਪਰਿਪੇਖ ਵਿੱਚ ਪਰਖਣਾ ਪਵੇਗਾ।

ਭਾਰਤੀ ਅਤੇ ਪੱਛਮੀ ਕਾਵਿ-ਆਚਾਰੀਆਂ ਵੱਲੋਂ ਮਹਾਂਕਾਵਿ ਦੇ ਸਿਧਾਂਤਿਕ ਪੱਖ ਬਾਰੇ ਵਿਸਤ੍ਰਿਤ ਰੂਪ ਵਿੱਚ ਵਿਚਾਰ ਪ੍ਰਗਟਾਏ ਗਏ ਹਨ। ਇਸ ਤਰ੍ਹਾਂ ਇਹਨਾਂ ਕਾਵਿ-ਆਚਾਰੀਆਂ ਵੱਲੋਂ ਮਹਾਂਕਾਵਿ ਦੇ ਕੁਝ ਨਿਯਮ/ਗੁਣ-ਲੱਛਣ ਨਿਰਧਾਰਿਤ ਕੀਤੇ ਗਏ ਹਨ। ਮਹਾਂਕਾਵਿ ਦੇ ਇਹਨਾਂ ਗੁਣਾਂ-ਲੱਛਣਾਂ 'ਤੇ **ਲੂਣਾ** ਨਾਂ ਦੀ ਰਚਨਾ ਦੀ ਪਰਖ ਕਰ ਕੇ ਹੀ ਇਸ ਰਚਨਾ ਦੇ ਮਹਾਂਕਾਵਿ ਹੋਣ ਜਾਂ ਨਾ ਹੋਣ ਦਾ ਨਿਰਨਾ ਕੀਤਾ ਜਾ ਸਕਦਾ ਹੈ।

### ਵਿਸ਼ਾ ਅਤੇ ਉਦੇਸ਼

ਮਹਾਂਕਾਵਿ ਦਾ ਆਪਣਾ ਵਿਸ਼ਾ ਹੁੰਦਾ ਹੈ। ਮਹਾਂਕਾਵਿ ਦੀ ਰੂਪਗਤ ਪਛਾਣ ਵਿਸ਼ੇ ਦੀ ਪੇਸ਼ਕਾਰੀ ਅਥਵਾ ਇਸ ਦੀ ਸ਼ੈਲੀ ਵਿੱਚ ਹੈ। ਦੂਸਰੇ ਪਾਸੇ ਮਹਾਂਕਾਵਿ ਦਾ ਉਦੇਸ਼ ਮਹਾਨ ਹੋਣਾ ਜ਼ਰੂਰੀ ਹੈ। ਪਰ ਅਜਿਹਾ ਤਾਂ ਨਾਟਕ ਜਾਂ ਕਿੱਸੇ ਦੇ ਪ੍ਰਸੰਗ ਵਿੱਚ ਵੀ ਕਿਹਾ ਜਾ ਸਕਦਾ ਹੈ। ਵਿਸ਼ਾ ਅਤੇ ਉਦੇਸ਼ ਵਿਭਿੰਨ ਰੂਪਾਕਾਰਾਂ ਦੇ ਸਾਂਝੇ ਤੱਤ ਹਨ। ਇਹਨਾਂ ਨੂੰ ਕਿਸੇ ਰੂਪਾਕਾਰ ਦੀ ਪਛਾਣ ਦਾ ਆਧਾਰ ਬਣਾਉਣਾ ਮੁਸ਼ਕਲ ਹੈ।

### ਕਥਾਨਕ

ਮਹਾਂਕਾਵਿ ਦਾ ਕਥਾਨਕ ਇਸ ਰੂਪਾਕਾਰ ਦਾ ਇੱਕ ਅਜਿਹਾ ਤੱਤ ਹੈ ਜਿਸ ਦੇ ਆਧਾਰ 'ਤੇ ਇਸ ਕਾਵਿ-ਰੂਪ ਦੀ ਪਛਾਣ ਵਿੱਚ ਮਦਦ ਮਿਲ ਸਕਦੀ ਹੈ। **ਲੂਣਾ** ਦੀ ਮਹਾਂਕਾਵਿ ਵਜੋਂ ਪਰਖ ਕਰਨ ਲਈ ਸਭ ਤੋਂ ਪਹਿਲਾਂ ਮਹਾਂਕਾਵਿ ਦੇ ਕਥਾਨਕ ਨੂੰ ਆਧਾਰ ਬਣਾਇਆ ਜਾਵੇਗਾ।

ਜਿੱਥੋਂ ਤੱਕ **ਲੂਣਾ** ਦੇ ਕਥਾਨਕ ਦਾ ਸੰਬੰਧ ਹੈ ਇਹ ਪੂਰਨ-ਲੂਣਾ ਦੀ ਪ੍ਰਸਿੱਧ ਲੋਕ-ਕਥਾ ਦਾ ਕੁਝ ਬਦਲਿਆ ਰੂਪ ਹੈ। ਪੂਰਨ-ਲੂਣਾ ਦੀ ਲੋਕ-ਕਥਾ ਦੇ ਕੁਝ ਹਵਾਲੇ ਪੰਜਾਬੀ ਲੋਕ-ਗੀਤਾਂ ਵਿੱਚ ਮਿਲਦੇ ਹਨ। ਅਨੇਕਾਂ ਕਿੱਸਾਕਾਰਾਂ ਨੇ ਇਸ ਲੋਕ-ਕਥਾ ਨੂੰ ਕਵਿਤਾਇਆ ਹੈ। ਕਾਦਰਯਾਰ ਨੇ ਤਾਂ ਇਸ ਲੋਕ-ਕਥਾ ਨੂੰ ਅਮਰ ਕਰ ਦਿੱਤਾ ਹੈ। ਪੰਜਾਬ ਦੀ ਇਸ ਅਮਰ ਲੋਕ-ਗਾਥਾ ਨੂੰ ਅੱਜ ਵੀ ਬੜੇ ਚਾਅ ਨਾਲ ਪੜ੍ਹਿਆ, ਸੁਣਿਆ ਤੇ ਗਾਇਆ ਜਾਂਦਾ ਹੈ। ਸ਼ਿਵ ਕੁਮਾਰ ਨੇ **ਲੂਣਾ** ਦੀ ਕਥਾ ਦਾ ਆਧਾਰ ਕਾਦਰਯਾਰ ਦੇ ਪੂਰਨ ਭਗਤ ਦੇ ਕਿੱਸੇ ਨੂੰ ਹੀ ਬਣਾਇਆ ਹੈ। ਪਰ ਉਸ ਨੇ ਇਸ ਵਿੱਚ ਕੁਝ ਤਬਦੀਲੀਆਂ ਵੀ ਕੀਤੀਆਂ ਹਨ।

ਇਸ ਤਰ੍ਹਾਂ **ਲੂਣਾ** ਦੀ ਕਥਾ ਪ੍ਰਸਿੱਧ ਅਥਵਾ ਮਹਾਨ ਕਹੀ ਜਾ ਸਕਦੀ ਹੈ। ਇਸ ਦੀ ਮਹਾਂਕਾਵਿ ਵਜੋਂ ਪਰਖ ਲਈ ਇਸ ਕਥਾ ਦੀ ਪੇਸ਼ਕਾਰੀ ਦੀ ਕਲਾ ਦਾ ਅਧਿਐਨ ਕਰਨਾ ਪਏਗਾ।

**(ੳ) ਮੰਗਲਾਚਰਨ**

ਜਿੱਥੋਂ ਤੱਕ ਮਹਾਂਕਾਵਿ ਦੇ ਕਥਾਨਕ ਅਥਵਾ ਇਸ ਦੀ ਬਣਤਰ ਦਾ ਸੰਬੰਧ ਹੈ ਇਸ ਦਾ ਅਰੰਭ ਮੰਗਲਾਚਰਨ ਨਾਲ ਹੁੰਦਾ ਹੈ। ਮੰਗਲਾਚਰਨ ਮਹਾਂਕਾਵਿ ਦਾ ਹੀ ਨਹੀਂ ਸਗੋਂ ਕਿੱਸੇ ਦਾ ਵੀ ਵਿਸ਼ੇਸ਼ ਲੱਛਣ ਹੈ। ਇਸ ਵਿੱਚ ਕਵੀ ਪਰਮਾਤਮਾ ਜਾਂ ਆਪਣੇ ਇਸ਼ਟ ਨੂੰ ਧਿਆਉਂਦਾ ਅਥਵਾ ਉਸ ਦੀ ਸਿਫ਼ਤ-ਸਲਾਹ/ਸਤੁਤੀ ਕਰਦਾ ਹੈ। ਜਿੱਥੋਂ ਤੱਕ ਸ਼ਿਵ ਕੁਮਾਰ ਦੀ ਰਚਨਾ **ਲੂਣਾ** ਦਾ ਸੰਬੰਧ ਹੈ ਇਸ ਦੇ ਅਰੰਭ ਵਿੱਚ ਅਜਿਹਾ ਕੋਈ ਮੰਗਲਾਚਰਨ ਨਹੀਂ ਆਇਆ। **ਲੂਣਾ** ਦੇ ਅਰੰਭ ਵਿੱਚ ਇਸ਼ਟ ਦੀ ਅਰਾਧਨਾ ਨਹੀਂ ਸਗੋਂ ਨਟੀ ਅਤੇ ਸੂਤਰਧਾਰ ਦੀ ਵਾਰਤਾਲਾਪ ਰਾਹੀਂ ਚੰਬੇ ਦੇਸ ਦੀ ਪ੍ਰਕਿਰਤਿਕ ਸੁੰਦਰਤਾ ਦਾ ਵਰਣਨ ਹੈ ਅਤੇ ਰਾਜਾ ਵਰਮਨ ਆਦਿ ਦਾ ਪਰਿਚੈ ਕਰਵਾਇਆ ਗਿਆ ਹੈ। ਉਸ ਦੇ ਜਨਮ ਦਿਵਸ 'ਤੇ ਰਾਜਾ ਸਲਵਾਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋ ਰਿਹਾ ਹੈ। ਨਟੀ ਅਤੇ ਸੂਤਰਧਾਰ ਦਾ ਸੰਬੰਧ ਮਹਾਂਕਾਵਿ ਨਾਲ ਨਹੀਂ ਸਗੋਂ ਭਾਰਤੀ ਨਾਟ-ਪਰੰਪਰਾ ਨਾਲ ਹੈ। **ਲੂਣਾ** ਦੇ ਅਰੰਭ ਵਿੱਚ ਆਏ ਸੰਵਾਦ ਭਾਰਤੀ ਨਾਟ-ਪਰੰਪਰਾ ਦੀ ਉਸ ਜੁਗਤ ਅਧੀਨ ਆਏ ਹਨ ਜਿਸ ਅਨੁਸਾਰ ਨਾਟਕ ਅਰੰਭ ਹੋਣ ਤੋਂ ਪਹਿਲਾਂ ਨਟੀ ਤੇ ਸੂਤਰਧਾਰ ਨਾਟਕ ਬਾਰੇ ਜਾਣਕਾਰੀ ਦਿੰਦੇ ਹਨ। ਇਸ ਤਰ੍ਹਾਂ **ਲੂਣਾ** ਦੇ ਅਰੰਭ ਵਿੱਚ ਮਹਾਂਕਾਵਿ ਵਾਲਾ ਮੰਗਲਾਚਰਨ ਨਹੀਂ।

**(ਅ) ਸਰਗਵੰਡ**

ਮਹਾਂਕਾਵਿ ਦੀ ਭਾਰਤੀ/ਸੰਸਕ੍ਰਿਤ ਪਰੰਪਰਾ ਅਨੁਸਾਰ ਇਸ ਦੇ ਕਥਾਨਕ ਦੀ ਵੰਡ ਸਰਗਾਂ ਵਿੱਚ ਕੀਤੀ ਜਾਂਦੀ ਹੈ। ਮਹਾਂਕਾਵਿ ਦੀ ਪੱਛਮੀ ਪਰੰਪਰਾ ਅਨੁਸਾਰ ਵੀ ਇਸ ਨੂੰ ਖੰਡਾਂ/ਹਿੱਸਿਆਂ/ਕਾਂਡਾਂ ਆਦਿ ਵਿੱਚ ਵੰਡਣ ਦਾ ਵਿਧਾਨ ਹੈ। 'ਮਹਾਕਾਵਿ ਦੇ ਅਧਿਆਇ ਨੂੰ ਸਰਗ ਆਖਦੇ ਹਨ। ਸਰਗ ਨੂੰ ਕਈਆਂ ਨੇ ਆਖਿਆਨ ਦਾ ਨਾਂ ਵੀ ਦਿੱਤਾ ਹੈ।'[1]

ਜਿੱਥੋਂ ਤੱਕ **ਲੂਣਾ** ਦਾ ਸੰਬੰਧ ਹੈ ਇਸ ਦੇ ਕਥਾਨਕ ਦੀ ਵੰਡ ਅੰਕਾਂ ਵਿੱਚ ਹੈ। ਸ਼ਿਵ ਨੇ ਆਪ **ਅੰਕ** ਸ਼ਬਦ ਦੀ ਵਰਤੋਂ ਕੀਤੀ ਹੈ। ਸਰਗ ਮਹਾਂਕਾਵਿ ਦੇ ਅਧਿਆਇ ਲਈ ਰੂੜ੍ਹ ਹੋਇਆ ਸ਼ਬਦ ਹੈ ਅਤੇ ਅੰਕ ਨਾਟਕ ਦੇ ਕਥਾਨਕ ਦੇ ਹਿੱਸੇ ਆਦਿ ਦਾ ਬੋਧਕ ਹੈ। ਸਪਸ਼ਟ ਹੈ ਕਿ **ਲੂਣਾ** ਦੇ ਕਥਾਨਕ ਨੂੰ ਅੰਕਾਂ ਵਿੱਚ ਵੰਡਿਆ ਗਿਆ ਹੈ ਅਤੇ ਬਿਨਾਂ ਸੋਚੇ ਸਮਝੇ ਇਹਨਾਂ ਅੰਕਾਂ ਨੂੰ ਸਰਗ ਕਹਿਣਾ ਠੀਕ ਨਹੀਂ ਜਦ ਕਿ **ਲੂਣਾ** ਨਾਟਕ ਵਾਲੀ ਵਾਰਤਾਲਾਪੀ ਸ਼ੈਲੀ ਵਿੱਚ ਵੀ ਹੈ। ਇਸ ਤਰ੍ਹਾਂ **ਲੂਣਾ** ਦੇ ਕਥਾਨਕ ਦੀ ਵੰਡ ਅੰਕਾਂ ਵਿੱਚ ਹੋਣ ਅਥਵਾ ਸਰਗਾਂ ਵਿੱਚ ਨਾ ਹੋਣ ਕਾਰਨ ਇਸ ਨੂੰ ਮਹਾਂਕਾਵਿ ਨਹੀਂ ਕਿਹਾ ਜਾ ਸਕਦਾ।

**(ੲ) ਨਾਟਕੀ ਸੰਧੀਆਂ**

ਭਾਰਤੀ ਕਾਵਿ-ਆਚਾਰੀਆਂ ਨੇ ਮਹਾਂਕਾਵਿ ਵਿੱਚ ਪੰਜ ਨਾਟਕੀ ਸੰਧੀਆਂ ਦੇ ਹੋਣ ਦਾ ਵੀ ਜ਼ਿਕਰ ਕੀਤਾ ਹੈ। ਇਸ ਦਾ ਭਾਵ ਇਹ ਹੈ ਕਿ ਮਹਾਂਕਾਵਿ ਦੇ ਕਥਾਨਕ ਦੀ ਉਸਾਰੀ ਪੰਜ ਨਾਟਕੀ ਸੰਧੀਆਂ 'ਤੇ ਆਧਾਰਤ ਹੋਣੀ ਚਾਹੀਦੀ ਹੈ। ਜਿੱਥੋਂ ਤੱਕ **ਲੂਣਾ** ਦਾ ਸੰਬੰਧ ਹੈ ਉਸ ਨੂੰ ਮਹਾਂਕਾਵਿ ਸਿੱਧ ਕਰਨ ਲਈ ਮਹਾਂਕਾਵਿ ਦੇ ਕਥਾਨਕ ਵਿਚਲੀਆਂ ਪੰਜ ਨਾਟਕੀ ਸੰਧੀਆਂ ਨੂੰ ਹੀ ਆਧਾਰ ਬਣਾਉਣਾ ਇਸ ਲਈ ਠੀਕ ਨਹੀਂ ਕਿਉਂਕਿ ਇਹ ਰਚਨਾ ਨਾਟਕ ਵਾਲੀ ਵਾਰਤਾਲਾਪੀ ਸ਼ੈਲੀ ਵਿੱਚ ਹੈ ਅਤੇ ਪੰਜ ਨਾਟਕੀ ਸੰਧੀਆਂ ਭਾਰਤੀ ਨਾਟ-ਪਰੰਪਰਾ ਨਾਲ ਵੀ ਸੰਬੰਧਿਤ ਹਨ ਅਥਵਾ ਇਹਨਾਂ ਸੰਧੀਆਂ ਦੀ ਵਰਤੋਂ ਨਾਟਕ ਵਿੱਚ ਵੀ ਹੁੰਦੀ ਹੈ। **ਲੂਣਾ** ਦੇ ਮਹਾਂਕਾਵਿ ਹੋਣ ਜਾਂ ਨਾ ਹੋਣ ਬਾਰੇ ਫ਼ੈਸਲਾ ਕਰਨ ਲਈ ਇਸ ਦੇ ਬਾਕੀ ਤੱਤਾਂ ਬਾਰੇ ਵੀ ਵਿਚਾਰ ਕਰਨੀ ਪਏਗੀ।

**ਨਾਇਕ, ਨਾਇਕਾ ਅਤੇ ਹੋਰ ਪਾਤਰ**

ਆਧੁਨਿਕ ਯੁੱਗ ਵਿੱਚ ਮਹਾਂਕਾਵਿ ਦੇ ਨਾਇਕ ਸੰਬੰਧੀ ਧਾਰਨਾ ਵਿੱਚ ਤਬਦੀਲੀ ਆਈ ਹੈ। ਹੁਣ ਪੁਰਸ਼ ਹੀ ਨਹੀਂ ਸਗੋਂ ਇਸਤਰੀ ਵੀ ਮਹਾਂਕਾਵਿ ਵਿੱਚ ਮੁੱਖ ਪਾਤਰ ਦੀ ਭੂਮਿਕਾ ਨਿਭਾਉਣ ਲੱਗੀ ਹੈ। ਆਧੁਨਿਕ ਦ੍ਰਿਸ਼ਟੀ ਤੋਂ 'ਨਾਇਕ ਦੀ ਮਹਾਨਤਾ ਉੱਚ ਕੁਲ ਵਿੱਚ ਜਨਮ ਲੈਣ ਕਾਰਨ ਨਹੀਂ ਸਗੋਂ ਉਸ ਦੇ ਉਦਾੱਤ ਗੁਣਾਂ 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਪ੍ਰਾਚੀਨ ਮਹਾਂਕਾਵਾਂ ਵਿੱਚ ਕੋਈ ਮਹਾਂਪੁਰਸ਼ ਹੀ ਨਾਇਕ ਦੇ ਪਦ 'ਤੇ ਸਥਾਪਿਤ ਹੁੰਦਾ ਸੀ ਪਰ ਆਧੁਨਿਕ ਮਹਾਂਕਾਵਾਂ ਵਿੱਚ ਨਾਰੀ ਨੂੰ ਵੀ ਆਪਣੀ ਚਰਿਤਰਿਕ ਮਹੱਤਾ ਕਾਰਨ ਮਹਾਂਕਾਵਿ ਵਿੱਚ ਪ੍ਰਧਾਨ ਪਾਤਰ (ਨਾਇਕਾ) ਬਣਨ ਦਾ ਅਧਿਕਾਰ ਮਿਲਣ ਲੱਗਾ ਹੈ।'[2]

**ਲੂਣਾ** ਨਾਇਕਾ-ਪ੍ਰਧਾਨ ਰਚਨਾ ਹੈ। ਇਸ ਰਚਨਾ ਵਿੱਚ ਸ਼ਿਵ ਕੁਮਾਰ ਨੇ ਲੂਣਾ ਨੂੰ ਪ੍ਰਥਮ ਸਥਾਨ ਦਿੱਤਾ ਹੈ। ਇਸੇ ਲਈ ਉਸ ਨੇ ਇਸ ਰਚਨਾ ਦਾ ਨਾਂ ਵੀ ਲੂਣਾ ਦੇ ਨਾਂ 'ਤੇ ਹੀ ਰੱਖਿਆ ਹੈ। ਉਸ ਨੇ ਪੂਰਨ ਦੀ ਕਥਾ ਨੂੰ ਲੂਣਾ ਦੀ ਕਥਾ ਬਣਾ ਕੇ ਲੂਣਾ ਨੂੰ ਪ੍ਰਮੁੱਖਤਾ ਦਿੱਤੀ ਹੈ। ਲੂਣਾ ਉੱਚੀ ਕੁਲ ਵਿੱਚੋਂ ਨਹੀਂ ਸਗੋਂ ਬਾਰੂ ਨਾਂ ਦੇ ਇੱਕ ਸ਼ੂਦਰ ਦੀ ਧੀ ਹੈ। ਇਸ ਤਰ੍ਹਾਂ ਸ਼ਿਵ ਇੱਕ ਸ਼ੂਦਰ ਦੀ ਧੀ ਨੂੰ ਆਪਣੀ ਰਚਨਾ ਦੀ ਨਾਇਕਾ ਬਣਾਉਂਦਾ ਹੈ ਜੋ ਆਪਣੇ ਲਈ ਸਿਰਫ਼ ਹਾਣ ਦੇ ਵਰ ਦਾ ਹੱਕ ਮੰਗਦੀ ਹੈ।

ਸ਼ਿਵ ਦੀ ਲੂਣਾ ਦੀ ਪ੍ਰਾਪਤੀ ਇਸ ਵਿੱਚ ਹੈ ਕਿ "ਅੰਤ ਵਿਚ ਲੂਣਾ ਇਸ ਵਿਚ ਸਫਲ ਹੋ ਜਾਂਦੀ ਹੈ ਕਿ ਉਹ ਪੂਰਨ ਨੂੰ ਆਪਣੇ ਦ੍ਰਿਸ਼ਟੀਕੋਣ ਨਾਲ ਸਹਿਮਤ ਕਰ ਸਕੇ। ਲੂਣਾ ਬੇਸ਼ਕ ਪੂਰਨ ਨੂੰ ਭਰਮਾ ਨਹੀਂ ਸਕੀ ਪਰ ਉਸ ਦੀ ਜ਼ਿੰਦਗੀ ਨੂੰ ਇਕ ਨਵਾਂ ਮੋੜ ਦੇਣ ਵਿਚ ਕਾਮਯਾਬ ਹੋ ਜਾਂਦੀ ਹੈ। ਕਹਾਣੀ ਦੇ ਅੰਤ ਵਿਚ ਜਿਹੜਾ ਚਿਤਰ ਪੂਰਨ ਦਾ ਉਭਰਦਾ ਹੈ ਉਹ ਇਕ ਅਤਿਅੰਤ ਸੁਲਝੀ ਹੋਈ ਪ੍ਰਤਿਭਾ ਦੇ ਪ੍ਰਗਤੀਸ਼ੀਲ ਨੌਜਵਾਨ ਦਾ ਹੈ ਜੋ ਲੂਣਾ ਨਾਲ ਹੋਏ ਅਨਿਆਂ ਨੂੰ ਪਛਾਣ ਲੈਂਦਾ ਹੈ ਤੇ ਆਪਣੀ ਸਮਾਜ ਦੇ ਖਿਲਾਫ ਬਗਾਵਤ ਦਾ ਸਿਰ ਚੁੱਕ ਰਿਹਾ ਹੁੰਦਾ ਹੈ, ਜਿਵੇਂ ਲੂਣਾ ਨੇ ਕਦੇ ਚੁੱਕਿਆ ਸੀ। ਲੂਣਾ ਤੇ ਪੂਰਨ ਵਿਚ ਫਰਕ ਕੇਵਲ ਇਤਨਾ ਹੈ - ਲੂਣਾ ਸਮਾਜ ਦੇ ਕੋਝੇਪਨ ਦਾ ਕੋਝਾ ਬਦਲਾ ਲੈਣ ਲਈ ਤਿਆਰ ਹੋ ਪੈਂਦੀ ਹੈ, ਪੂਰਨ ਇਸ ਦੁਖਦੀ ਰਗ ਨੂੰ ਪਛਾਣ ਲੈਂਦਾ ਹੈ, ਤੇ ਹੋਲੇ ਹੋਲੇ ਉਹਦੀ ਭਾਸ਼ਾ ਠੀਕ ਉਹੀ ਹੋ ਜਾਂਦੀ ਹੈ ਜਿਹੜੀ ਲੂਣਾ ਦੀ ਸੀ।"[3]

ਸਾਡੇ ਕਿੱਸਾਕਾਰਾਂ ਨੇ ਸਦੀਆਂ ਤੋਂ ਚਲੀ ਆ ਰਹੀ ਪਰੰਪਰਾ ਅਨੁਸਾਰ ਲੂਣਾ ਨੂੰ ਕਾਮੀ, ਦੁਰਾਚਾਰੀ ਆਦਿ ਸਿੱਧ ਕਰਨ ਦਾ ਯਤਨ ਕੀਤਾ ਹੈ ਪਰ ਸ਼ਿਵ ਨੇ ਉਸ ਪ੍ਰਤਿ ਹਮਦਰਦੀ ਪ੍ਰਗਟਾਈ ਹੈ। ਇਸ ਤਰ੍ਹਾਂ ਆਧੁਨਿਕ ਦ੍ਰਿਸ਼ਟੀ ਤੋਂ ਲੂਣਾ ਮਹਾਂਕਾਵਿ ਦੇ ਮੁੱਖ ਪਾਤਰ ਦੀ ਭੂਮਿਕਾ ਨਿਭਾਉਣ ਦੇ ਯੋਗ ਹੈ। ਦੂਸਰੇ ਪਾਸੇ ਪੂਰਨ ਰਾਜੇ ਦਾ ਪੁੱਤਰ ਹੈ। ਉਹ ਭਾਵੇਂ ਲੂਣਾ ਦੀ ਇੱਛਾ ਪੂਰਤੀ ਲਈ ਤਿਆਰ ਨਹੀਂ ਅਥਵਾ ਉਸ ਨੂੰ ਮਾਂ ਦੇ ਰੂਪ ਵਿੱਚ ਹੀ ਦੇਖਦਾ ਹੈ ਪਰ ਉਸ ਨੂੰ ਲੂਣਾ ਨਾਲ ਹੋਏ ਅਨਿਆਂ ਕਾਰਨ ਉਸ ਨਾਲ ਹਮਦਰਦੀ ਹੈ।

ਸ਼ਿਵ ਨੇ **ਲੂਣਾ** ਵਿੱਚ ਕੁਝ ਕਲਪਿਤ ਪਾਤਰ ਵੀ ਸਿਰਜੇ ਹਨ। 'ਕਲਪਿਤ ਪਾਤਰਾਂ ਵਿਚ ਚੰਬੇ ਦਾ ਰਾਜਾ 'ਵਰਮਨ' ਤੇ ਉਹਦੀ ਰਾਣੀ 'ਕੁੰਤ', ਲੂਣਾ ਦੀਆਂ ਸਹੇਲੀਆਂ 'ਈਰਾ' ਤੇ 'ਮਥਰੀ', ਲੂਣਾ ਦਾ ਬਾਪ 'ਬਾਰੂ' ਤੇ ਇਕ 'ਗੋਲੀ' ਹਨ। ਬਾਕੀ ਸਜੀਵ ਪਾਤਰ, ਜਿਹੜੇ ਕਹਾਣੀ ਵਿਚ ਪਹਿਲਾਂ ਹੀ ਮਿਲਦੇ ਹਨ, ਉਹ ਹਨ ਸਲਵਾਨ, ਪੂਰਨ, ਲੂਣਾ, ਇੱਛਰਾਂ ਤੇ ਇੱਛਰਾਂ ਦਾ ਪਿਉ ਉਧੇ ਨਗਰ ਦਾ ਰਾਜਾ ਚੌਧਲ।"[4]

**ਲੂਣਾ** ਵਿੱਚ ਚਰਿੱਤਰ-ਚਿਤਰਨ ਦਾ ਮੁੱਖ ਆਧਾਰ ਪਾਤਰਾਂ ਦੀ ਵਾਰਤਾਲਾਪ ਹੈ। ਇਸ ਵਾਰਤਾਲਾਪ ਵਿੱਚ ਅਨੇਕਾਂ ਥਾਂਵਾਂ 'ਤੇ ਮਹਾਂਕਾਵਿ ਵਾਲਾ ਵਿਸਤਾਰ ਹੈ। ਮਹਾਂਕਾਵਿ ਵਿੱਚ 'ਘਟਨਾਵਾਂ ਦਾ ਵਰਣਨ ਹੀ ਕੀਤਾ ਜਾਂਦਾ ਹੈ, ਪ੍ਰਦਰਸ਼ਨ ਨਹੀਂ। ਇਸ ਰੂਪਾਕਾਰ ਵਿਚ ਪਾਤਰਾਂ ਨੂੰ ਅਭਿਨੇਤਾਵਾਂ ਦੇ ਰੂਪ ਵਿਚ ਪੇਸ਼ ਨਹੀਂ ਕੀਤਾ ਜਾਂਦਾ।'[5] **ਲੂਣਾ** ਦੇ ਪਾਤਰ ਅਭਿਨੇਤਾ ਰੂਪ ਵਿੱਚ ਪੇਸ਼ ਹੋ ਚੁੱਕੇ ਹਨ। ਇਸ ਆਧਾਰ 'ਤੇ **ਲੂਣਾ** ਨੂੰ ਮਹਾਂਕਾਵਿ ਨਹੀਂ ਕਿਹਾ ਜਾ ਸਕਦਾ।

### ਸ਼ੈਲੀ

**ਲੂਣਾ** ਦੀ ਕਾਵਿ-ਸ਼ੈਲੀ ਵਿੱਚ ਮਹਾਂਕਾਵਿ ਦੀ ਸ਼ੈਲੀ ਵਾਲੇ ਕੁਝ ਲੱਛਣ/ਗੁਣ ਜ਼ਰੂਰ ਮਿਲਦੇ ਹਨ ; ਜਿਵੇਂ :

(*i*) **ਲੂਣਾ** ਦੀ ਸ਼ੈਲੀ ਮਹਾਂਕਾਵਿ ਦੀ ਸ਼ੈਲੀ ਵਾਂਗ ਵਿਸ਼ਿਸ਼ਟ ਤੇ ਪ੍ਰਭਾਵਸ਼ਾਲੀ ਹੈ। ਪਰ ਇਹ ਮੂਲ ਰੂਪ ਵਿੱਚ ਨਾਟਕੀ (ਵਾਰਤਾਲਾਪੀ) ਹੈ।

(*ii*) **ਲੂਣਾ** ਦੀ ਭਾਸ਼ਾ ਪ੍ਰਭਾਵਸ਼ਾਲੀ ਅਤੇ ਉਦੱਾਤ ਪੱਧਰ ਦੀ ਹੈ। ਇਸ ਰਾਹੀਂ ਕਵੀ ਪੰਜਾਬ ਦੇ ਸੱਭਿਆਚਾਰਿਕ ਵਾਤਾਵਰਨ ਨੂੰ ਉਭਾਰਨ ਵਿੱਚ ਸਫਲ ਹੈ। ਇਸ ਰਚਨਾ ਤੋਂ ਪੰਜਾਬੀ ਭਾਸ਼ਾ ਦੀ ਅਮੀਰੀ ਸਪਸ਼ਟ ਪ੍ਰਗਟ ਹੁੰਦੀ ਹੈ।

(*iii*) ਸ਼ਿਵ ਦੀ ਰਚਨਾ **ਲੂਣਾ** ਵਿੱਚ ਸ਼ਿੰਗਾਰ ਰਸ ਦੀ ਪ੍ਰਧਾਨਤਾ ਹੈ ਅਤੇ ਇਸ ਦੇ ਨਾਲ ਹੀ ਬਾਕੀ ਸਹਾਇਕ ਰਸਾਂ ਕਰੁਣਾ, ਰੌਦਰ, ਅਦਭੁਤ, ਬੀਭਤਸ, ਭਿਆਨਕ, ਵਾਤਸਲ ਆਦਿ ਦੀ ਅਨੁਭੂਤੀ ਵੀ ਹੁੰਦੀ ਹੈ।

(*iv*) **ਲੂਣਾ** ਵਿੱਚ ਅਲੰਕਾਰਾਂ ਦੀ ਭਰਪੂਰ ਵਰਤੋਂ ਮਿਲਦੀ ਹੈ।

(*v*) ਸ਼ਿਵ ਦੀ ਇਸ ਰਚਨਾ ਵਿੱਚ ਪ੍ਰਕਿਰਤੀ ਦਾ ਭਰਪੂਰ, ਅਮੀਰ ਤੇ ਪ੍ਰਭਾਵਸ਼ਾਲੀ ਚਿਤਰਨ ਹੋਇਆ ਹੈ।

(*vi*) ਮਹਾਂਕਾਵਿ ਵਿੱਚ ਛੰਦ ਦੀ ਵਰਤੋਂ ਦੇ ਸੰਬੰਧ ਵਿੱਚ ਕਾਵਿ-ਆਚਾਰੀਆ ਇਕਮਤ ਨਹੀਂ ਹਨ। ਜਿੱਥੋਂ ਤੱਕ **ਲੂਣਾ** ਦਾ ਸੰਬੰਧ ਹੈ ਇਸ ਵਿੱਚ ਦਵਈਏ, ਬੈਂਤ, ਸਿਰਖਿੰਡੀ ਆਦਿ ਛੰਦਾਂ ਦੀ ਵਰਤੋਂ ਹੋਈ ਹੈ।

ਇਸ ਤਰ੍ਹਾਂ ਸ਼ੈਲੀ ਦੇ ਪੱਖੋਂ **ਲੂਣਾ** ਵਿੱਚ ਮਹਾਂਕਾਵਿ ਵਾਲੇ ਕੁਝ ਗੁਣ ਮਿਲਦੇ ਹਨ। ਪਰ ਇਹ ਗੁਣ ਨਿਰੋਲ ਮਹਾਂਕਾਵਿ ਦੇ ਹੀ ਨਹੀਂ ਸਗੋਂ ਇਹ ਤਾਂ ਕਿਸੇ ਕਿੱਸੇ ਵਿੱਚ ਵੀ ਹੋ ਸਕਦੇ ਹਨ। ਇਸ ਲਈ ਸ਼ੈਲੀ ਦੇ ਇਹਨਾਂ ਗੁਣਾਂ/ਲੱਛਣਾਂ ਦੇ ਆਧਾਰ 'ਤੇ ਹੀ **ਲੂਣਾ** ਨੂੰ ਮਹਾਂਕਾਵਿ ਨਹੀਂ ਮੰਨਿਆ ਜਾ ਸਕਦਾ ਜਦ ਕਿ ਇਸ ਰਚਨਾ ਵਿੱਚ ਮਹਾਂਕਾਵਿ ਦੇ ਮੂਲ ਗੁਣਾਂ/ਲੱਛਣਾਂ ਦਾ ਹੀ ਅਭਾਵ ਹੈ। **ਲੂਣਾ** ਦੇ ਅਰੰਭ ਵਿੱਚ ਮਹਾਂਕਾਵਿ ਵਾਲਾ ਮੰਗਲਾਚਰਨ ਨਹੀਂ। ਇਹ ਰਚਨਾ ਸਰਗਾਂ ਦੀ ਥਾਂ ਅੰਕਾਂ ਵਿੱਚ ਵੰਡੀ ਗਈ ਹੈ। ਅੰਕਾਂ ਦਾ ਸੰਬੰਧ ਮਹਾਂਕਾਵਿ ਨਾਲ ਨਹੀਂ ਸਗੋਂ ਨਾਟਕ ਨਾਲ ਹੁੰਦਾ ਹੈ। ਇਹ ਰਚਨਾ ਨਾਟਕ ਵਾਲੀ ਵਾਰਤਾਲਾਪੀ ਸ਼ੈਲੀ ਵਿੱਚ ਹੈ ਅਥਵਾ ਇਸ ਦਾ ਕਥਾਨਕ ਪਾਤਰਾਂ ਦੀ ਵਾਰਤਾਲਾਪ ਰਾਹੀਂ ਉਸਾਰਿਆ ਗਿਆ ਹੈ। ਇਸ ਰਚਨਾ ਵਿੱਚ ਨਾਟਕ/ਕਾਵਿ-ਨਾਟਕ ਵਾਂਗ ਲੇਖਕ ਵੱਲੋਂ ਬਰੈਕਟਾਂ ਵਿੱਚ ਰੰਗਮੰਚ ਲਈ ਦਿੱਤੇ ਸੰਕੇਤ ਵੀ ਦਰਜ ਹਨ। ਦੂਸਰੇ ਪਾਸੇ **ਲੂਣਾ** ਵਿੱਚ ਕਾਵਿ-ਨਾਟਕ ਵਾਲੇ ਗੁਣ/ਲੱਛਣ ਵੀ ਉਪਲਬਧ ਹਨ। ਇਸ ਤਰ੍ਹਾਂ **ਲੂਣਾ** ਨੂੰ ਮਹਾਂਕਾਵਿ ਨਹੀਂ ਮੰਨਿਆ ਜਾ ਸਕਦਾ।

**ਹਵਾਲੇ**


1. **ਪੰਜਾਬੀ ਸਾਹਿਤ ਕੋਸ਼,** ਪੰਨਾ 151.
2. ***fw·goibMd rwm Srmw,ihMdI ky AwDuink mhWkwvX (prMprw AOr ivkws) ,ipRST-39,ihMdI sihqX sMswr,id`lI,1959·***
3. ਕਰਤਾਰ ਸਿੰਘ ਦੁੱਗਲ, **ਕਵਿਤਾ,** ਲੂਣਾ ਅੰਕ, ਨਵੰਬਰ 1967, ਪੰਨਾ 13.
4. **ਲੂਣਾ,** ਭੂਮਿਕਾ।
5. ਡਾ. ਸਤਿੰਦਰ ਸਿੰਘ, ਆਧਨਿਕ ਪੰਜਾਬੀ ਕਾਵਿ : ਰੂਪ ਅਧਿਐਨ, ਪੰਨਾ 42.


## ਪੁਸਤਕ-ਸੂਚੀ

### ਪੰਜਾਬੀ ਪੁਸਤਕਾਂ


1. ਸਤਿੰਦਰ ਸਿੰਘ (ਡਾ.), **ਆਧੁਨਿਕ ਪੰਜਾਬੀ ਕਾਵਿ : ਰੂਪ-ਅਧਿਐਨ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, ਪਹਿਲਾ ਸੰਸਕਰਣ, ਮਾਰਚ 1980.

2. ਸ਼ਿਵ ਕੁਮਾਰ, **ਲੂਣਾ,** ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2009.
3. ਕਪੂਰ, ਕਰਮ ਸਿੰਘ (ਡਾ.), **ਪੰਜਾਬੀ ਮਹਾਂਕਾਵਿ,** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1972.
4. ਜੱਗੀ, ਗੁਰਸ਼ਰਨ ਕੌਰ, **ਭਾਰਤੀ ਕਾਵਿ ਸ਼ਾਸਤ੍ਰ : ਸਰੂਪ ਅਤੇ ਸਿੱਧਾਂਤ,** ਆਰਸੀ ਪਬਲਿਸ਼ਰਜ਼, ਦਿੱਲੀ, 1981.
5. ਦ੍ਵਿਵੇਦੀ, ਹਜ਼ਾਰੀ ਪ੍ਰਸਾਦ, **ਭਾਰਤੀ ਨਾਟ੍ਯ-ਸ਼ਾਸਤ੍ਰ ਦੀ ਪਰੰਪਰਾ** (ਅਨੁਵਾਦਕ ਡਾ. ਪੁਰਸ਼ੋਤਮ ਸ਼ਰਮਾ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪਹਿਲੀ ਵਾਰ, ਨਵੰਬਰ 1981.
6. ਨਗੇਂਦ੍ਰ (ਡਾ.), (ਭੂਮਿਕਾ ਲੇਖਕ ਤੇ ਹਿੰਦੀ ਅਨੁਵਾਦ), **ਅਰਸਤੂ ਦਾ ਕਾਵਿ-ਸ਼ਾਸਤ੍ਰ** (ਪੰਜਾਬੀ ਰੂਪਾਂਤਰਕਾਰ ਡਾ. ਹਰਿਭਜਨ ਸਿੰਘ), ਐਸ. ਚੰਦ ਐਂਡ ਕੰਪਨੀ, ਨਵੀਂ ਦਿੱਲੀ, 1964.
7. **ਪੰਜਾਬੀ ਸਾਹਿਤ ਕੋਸ਼** (ਪਰਿਭਾਸ਼ਿਕ ਸ਼ਬਦਾਵਲੀ), ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 1971.
8. ਭਰਤਮੁਨੀ, **ਨਾਟ੍ਯ-ਸ਼ਾਸਤ੍ਰ,** (ਪੰਜਾਬੀ ਅਨੁਵਾਦ, ਅਨੁਵਾਦਕ ਡਾ. ਜੀ. ਐਨ. ਰਾਜਗੁਰੂ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਹਿਲੀ ਵਾਰ, 1985.
9. ਮਨਜੀਤ ਪਾਲ ਕੌਰ, **ਪੰਜਾਬੀ ਕਾਵਿ-ਨਾਟ ਦਾ ਅਧਿਐਨ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, ਪਹਿਲੀ ਵਾਰ, 1989.
10. ਵਿਸ਼ਵਨਾਥ, **ਸਾਹਿਤਯ ਦਰਪਣ** (ਪੰਜਾਬੀ ਅਨੁਵਾਦ, ਅਨੁਵਾਦਕ ਪ੍ਰੋ. ਦੁਨੀ ਚੰਦ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪਹਿਲੀ ਵਾਰ , 1972.